# ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ।

ਨੰ. 22/MMC/G-38/2022 ਮਿਤੀ: 27-09-2022

## ਨੋਟਿਸ

UG/PG ਭਾਗ-1 ਦੇ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਵਿਦਿਆਰਥੀਆਂ ਦੇ ਪ੍ਰੀਖਿਆ ਫਾਰਮ Examination Portal ਤੇ ਖੁੱਲ ਗਏ ਹਨ। ਉਹ ਆਪਣੇ USER ID ਅਤੇ PASSWORD ਕਲਾਸ Mentor ਪਾਸੋਂ ਪ੍ਰਾਪਤ ਕਰ ਸਕਦੇ ਹਨ। ਵਿਦਿਆਰਥੀ ਆਪਣੀ General Information ਚੈਕ ਕਰਕੇ ਵੈਰੀਫਾਈ ਕਰਨਗੇ। ਵਿਦਿਆਰਥੀ ਆਪਣੀ ਪਾਸਪੋਰਟ ਸਾਇਜ਼ ਫੋਟੋਗਰਾਫ ਅਤੇ ਹਸਤਾਖਰ ਦੀ ਸੋਫਟ ਕਾਪੀ ਅਪਲੋਡ ਕਰਨਗੇ। ਜੇਕਰ ਵਿਦਿਆਰਥੀ ਦੇ ਜਰਨਲ ਇੰਨਫਾਰਮੇਸ਼ਨ ਵਿੱਚ ਕੋਈ ਵੀ ਤਰੁੱਟੀ ਪਾਈ ਜਾਂਦੀ ਹੈ ਤਾਂ ਵਿਦਿਆਰਥੀ ਜਰਨਲ ਆਫਿਸ ਸੰਪਰਕ ਕਰਨਗੇ। ਸਾਰੇ ਵਿਦਿਆਰਥੀ ਮਿਤੀ. 30.09.2022 ਤੱਕ ਪ੍ਰੀਖਿਆ ਫਾਰਮ ਭਰ ਕੇ ਸਬਜੈਕਟ ਲਾਕ ਕਰਨਗੇ।

ਕੰਟਰੋਲਰ

ਪ੍ਰਿੰਸੀਪਲ

# ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ

ਨੰ. 20/MMC/G-38/2022

**ਮਿਤੀ: 15.09.2022**

**ਸੈਸ਼ਨ 2022-23 (ਦਸਬੰਰ 2022) ਪ੍ਰੀਖਿਆ ਫਾਰਮ ਭਰਨ ਸਬੰਧੀ ਹਦਾਇਤਾਂ**

**ਵਿਦਿਆਰਥੀ ਵਲੋਂ ਪ੍ਰੀਖਿਆ ਫਾਰਮ ਭਰਨ ਦੌਰਾਨ ਤਿੰਨ ਸਟੈਪ ਆਨ ਲਾਇਨ ਪੋਰਟਲ ਤੇ ਸ਼ੋਅ ਹੋਣਗੇ।**

- **Step 1 :** Fill/Edit and Lock Registration Form
- **Step 2 :** Fill/Edit and Lock Paper(s) (Fill Examination Form)
- **Step 3 :** Pay Examination Fee

A. **Step-1: ਸਟੈਪ-1** ਵਿੱਚ ਮੰਗੀ ਗਈ ਸਾਰੀ ਜਾਣਕਾਰੀ ਸਹੀ ਭਰਨੀ ਲਾਜਮੀ ਹੈ। ਵਿਦਿਆਰਥੀ ਨੇ ਰਜਿਸਟਰੇਸ਼ਨ ਫਾਰਮ (ਪ੍ਰੀਖਿਆ ਫਾਰਮ) ਵਿੱਚ ਦਿੱਤੀਆਂ ਸਾਰੀਆਂ ਆਪਸ਼ਨਾਂ ਨੂੰ ਚੰਗੀ ਤਰ੍ਹਾਂ ਪੜ੍ਹ ਕੇ ਭਰਨਾ ਹੈ। Step 1 ਕਲਿੱਕ ਕਰਨ ਤੇ ਇਸ ਵਿੱਚ ਆਪਣਾ ਯੂਨੀਵਰਸਿਟੀ ਰਜਿਟਰੇਸ਼ਨ ਨੰਬਰ ਭਰਨਾ ਹੈ। ਜਿਸ ਵਿੱਚ – (Hyphen) ਭਰਨਾ ਲਾਜਮੀ ਹੈ। ਜਿਵੇਂ ਕਿ (ਸੈਂਪਲ) **(717-2022-1234)** ਵਿੱਚ ਦਰਸਾਇਆ ਗਿਆ ਹੈ। ਰਜਿਸਟਰੇਸ਼ਨ ਨੰਬਰ ਨਾ ਭਰਨ ਦੀ ਸੂਰਤ ਵਿੱਚ ਜਾਂ ਗਲਤ ਭਰਨ ਜਾਂ (Hyphen) ਨਾ ਭਰਨ ਦੀ ਸੂਰਤ ਵਿੱਚ ਵਿਦਿਆਰਥੀ ਦੇ ਰਿਜਲਟ ਵਿੱਚ (RLR) ਸ਼ੋ ਹੋਵੇਗਾ। ਜਿਸ ਦੀ ਆਨ ਲਾਇਨ ਫਾਰਮ ਵਿੱਚ ਕੁਰੇਕਸ਼ਨ ਫੀਸ ਭਰਨ ਲਈ ਵਿਦਿਆਰਥੀ ਜਿੰਮੇਵਾਰ ਹੋਵੇਗਾ। **ਰਜਿਸਟਰੇਸ਼ਨ ਨੰ. ਐਟਰੀ ਪੁਆਇੰਟ ਦੇ ਵਿਦਿਆਰਥੀਆਂ ਨੂੰ ਕਾਲਜ ਵਲੋਂ ਦਿੱਤਾ ਜਾਵੇਗਾ।**

ਇਸ ਵਿੱਚ ਸਹੀ ਜਾਣਕਾਰੀ ਨਾ ਭਰਨ ਦੀ ਸੂਰਤ ਵਿੱਚ ਵਿਦਿਆਰਥੀ ਨੂੰ ਬਣਦਾ ਜੁਰਮਾਨਾ ਯੂਨੀਵਰਸਿਟੀ ਵਿੱਚ ਹੀ ਜਮ੍ਹਾਂ ਕਰਵਾਉਣਾ ਹੋਵੇਗਾ।

B. **Step-2: ਸਟੈਪ-2** ਵਿਦਿਆਰਥੀ ਦੁਆਰਾ ਪੜ੍ਹੇ ਜਾ ਰਹੇ ਸਾਰੇ ਅਤੇ ਸਹੀ ਸਬਜੈਕਟ ਭਰਨੇ ਲਾਜਮੀ ਹਨ। ਇਹਨਾਂ ਬਾਰੇ ਜਾਣਕਾਰੀ ਕਲਾਸ ਮੈਨਟਰ(Mentor)/ਸਬਜੈਕਟ ਟੀਚਰ ਵਲੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਗਲਤ ਵਿਸ਼ੇ (ਸਬਜੈਕਟ) ਭਰਨ ਦੀ ਸੂਰਤ ਵਿੱਚ ਯੂਨੀਵਰਸਿਟੀ ਵਲੋਂ ਨਤੀਜਾ ਘੋਸ਼ਿਤ ਨਹੀ ਕੀਤਾ ਜਾਵੇਗਾ।

**ਬੀ.ਏ. ਅਤੇ ਬੀ.ਐਸ.ਸੀ. ਕੋਰਸਾਂ ਵਿੱਚ ਕੰਪਿਊਟਰ ਪੜ੍ਹਨ ਵਾਲੇ ਵਿਦਿਆਰਥੀ ਕੰਪਿਊਟਰ ਸਾਇੰਸ ਦਾ ਵਿਸ਼ਾ ਭਰਨਗੇ।**

ਸਮੈਸਟਰ-3 ਦੇ ਵਿਦਿਆਰਥੀਆਂ ਨੂੰ **Environment and Road Safety** ਦਾ ਵਿਸ਼ਾ ਭਰਨਾ ਲਾਜ਼ਮੀ ਹੈ। ਹਰ ਵਿਸ਼ੇ ਲਈ (Internal & External) ਆਪਸ਼ਨ ਹੀ ਚੁਣਿਆ ਜਾਵੇ।

**ਸਬਜੈਕਟ ਭਰਨ ਤੋਂ ਬਾਅਦ ਫਾਰਮ ਲਾਕ ਕਰਨਾ ਅਤਿ ਜਰੂਰੀ ਹੈ। ਲਾਕ ਨਾ ਕਰਨ ਦੀ ਸੂਰਤ ਵਿੱਚ ਪ੍ਰੀਖਿਆਰਥੀ ਨੂੰ ਯੂਨੀਵਰਸਿਟੀ ਰੋਲ ਨੰਬਰ ਅਲਾਟ ਨਹੀਂ ਹੋਵੇਗਾ।**

C. **Step-3:** ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਇੱਕ ਹਫਤੇ ਬਾਅਦ ਦੁਬਾਰਾ ਲੋਗਇੰਨ(Login) ਕਰਕੇ Pay Examination Fee ਦਾ ਸਟੇਟਸ ਚੈਕ ਕਰਨਗੇ। ਕਿ ਫੀਸ Confirm ਹੋ ਚੁੱਕੀ ਹੈ ਜਾਂ ਨਹੀ। ਫੀਸ Confirm ਨਾ ਹੋਣ ਦੀ ਸੂਰਤ ਵਿੱਚ (ਜਰਨਲ ਦਫਤਰ) ਨਾਲ ਸੰਪਰਕ ਕੀਤਾ ਜਾਵੇ ਤਾਂ ਜੋ ਜਲਦੀ ਤੋਂ ਜਲਦੀ ਫੀਸ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਸਕੇ।

ਪ੍ਰੀਖਿਆ ਫਾਰਮ ਨਾ ਭਰਨ ਜਾਂ ਲੇਟ ਭਰਨ ਦੀ ਸੂਰਤ ਵਿੱਚ ਯੂਨੀਵਰਸਿਟੀ ਨਿਯਮਾਂ ਅਨੁਸਾਰ ਲੇਟ ਫੀਸ /Fine ਵਿਦਿਆਰਥੀ ਨੂੰ ਭਰਨਾ ਪਵੇਗਾ।

ਵਿਦਿਆਰਥੀ ਫਾਰਮ ਲਾਕ ਕਰਨ ਤੋਂ ਬਾਅਦ ਉਸ ਦਾ ਪ੍ਰਿੰਟ ਆਪਣੇ ਮੈਂਟਰ (Mentor) ਕੋਲ ਜਮ੍ਹਾਂ ਕਰਵਾਏਗਾ। ਫਾਰਮ ਜਮ੍ਹਾਂ ਕਰਵਾਉਣ ਦੀ ਤਰੀਕ ਤੱਕ ਜੋ ਕੋਈ ਲੇਟ ਫੀਸ ਬਣਦੀ ਹੈ ਤਾਂ ਉਹ ਵਿਦਿਆਰਥੀ ਨੂੰ ਜਮ੍ਹਾਂ ਕਰਵਾਉਣੀ ਜਰੂਰੀ ਹੈ।

**ਨੋਟ: ਕੋਈ ਵੀ ਵਿਦਿਆਰਥੀ ਡਾਇਰੈਕਟ Step-2 ਦੀ ਆਪਸ਼ਨ ਤੇ ਕਲਿੱਕ ਨਹੀਂ ਕਰੇਗਾ। ਕਲਿੱਕ ਕਰਨ ਤੇ Step-1 ਆਪਸ਼ਨ ਆਪਣੇ ਆਪ ਲਾਕ ਹੋ ਜਾਵੇਗੀ। ਜਿਸ ਕਾਰਨ ਵਿਦਿਆਰਥੀ ਦੇ ਪ੍ਰੀਖਿਆ ਫਾਰਮ ਵਿੱਚ ਜੋ ਵਿਦਿਆਰਥੀ ਸਬੰਧੀ ਜਾਣਕਾਰੀ ਮੰਗੀ ਗਈ ਹੈ ਉਹ ਭਰਨ ਤੋਂ ਵਾਂਝੇ ਰਹਿ ਜਾਣਗੇ। ਜਿਸ ਕਾਰਨ ਬਾਅਦ ਵਿੱਚ ਵਿਦਿਆਰਥੀਆਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।**

**ਮੁੱਢਲਾ ਗਿਆਨ ਦੇ ਵਿਦਿਆਰਥੀਆਂ ਨੂੰ ਸਖਤ ਹਦਾਇਤ ਹੈ ਕਿ ਉਹ ਸਹੀ ਸਬਜੈਕਟ ਹੀ (ਪੰਜਾਬੀ ਮੁੱਢਲਾ ਗਿਆਨ) ਸਲੈਬਸ ਦੇ ਅਨੁਸਾਰ ਹੀ ਪ੍ਰੀਖਿਆ ਫਾਰਮ ਵਿੱਚ ਭਰਨ।**

**(Subject of Elementary Punjabi is only for foreign Students)**

**ਕੰਟਰੋਲਰ** **ਪ੍ਰਿੰਸੀਪਲ**